# Political Science

# ਰਾਜਨੀਤੀ ਸ਼ਾਸਤਰ

# LECTURE OBJECTIVES

ਇਸ ਲੈਕਚਰ ਤੋਂ ਬਾਅਦ ਵਿਦਿਆਰਥੀ ਜਾਣ ਸਕੇਗਾ ਕਿ:

1) ਰਾਜਨੀਤੀ ਸ਼ਾਸਤਰ ਕੀ ਹੈ ?
2) ਰਾਜਨੀਤੀ ਸ਼ਾਸਤਰ ਦੇ ਅਰਥਾਂ ਸੰਬੰਧੀ ਸਮੇਂ ਦੀ ਚਾਲ ਨਾਲ਼ ਕੀ ਤਬਦੀਲੀ ਆਈ ਹੈ ?
3) ਰਾਜਨੀਤੀ ਸ਼ਾਸਤਰ ਦੇ ਅਰਥਾਂ ਸੰਬੰਧੀ ਸਾਨੂੰ ਕਿਹੜੇ-ਕਿਹੜੇ ਦ੍ਰਿਸ਼ਟੀਕੋਣ ਮਿਲਦੇ ਹਨ ?
4) ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਅਨੁਸਾਰ ਰਾਜਨੀਤੀ ਸ਼ਾਸਤਰ ਦਾ ਅਰਥ ਕੀ ਲਿਆ ਜਾਂਦਾ ਰਿਹਾ ਹੈ, ਜਾਂ ਲਿਆ ਜਾ ਰਿਹਾ ਹੈ ?

# ਰਾਜਨੀਤੀ ਸ਼ਾਸਤਰ ਦਾ ਅਰਥ
# (Meaning of Political Science)

- ਰਾਜਨੀਤੀ ਸ਼ਾਸਤਰ ਨੂੰ ਪਹਿਲਾਂ **‘ਰਾਜਨੀਤੀ’** ਕਿਹਾ ਜਾਂਦਾ ਸੀ।
- ‘ਰਾਜਨੀਤੀ’ ਅੰਗਰੇਜੀ ਭਾਸ਼ਾ ਦੇ ਸ਼ਬਦ **‘ਪਾਲਿਟਿਕਸ’** (Politics) ਦਾ ਪੰਜਾਬੀ ਰੂਪ ਹੈ। ਅੰਗਰੇਜੀ ਭਾਸ਼ਾ ਦਾ ਇਹ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ **‘ਪੌਲਿਸ’** (Polis) ਤੋਂ ਬਣਿਆਂ ਹੈ, ਜਿਸਦਾ ਅਰਥ ਹੈ– **ਨਗਰ ਰਾਜ**।
- ਜਦੋਂ ਯੂਨਾਨ ਵਿੱਚ ਸੁਕਰਾਤ, ਪਲੈਟੋ ਅਤੇ ਅਰਸਤੂ ਵਰਗੇ ਮਹਾਨ ਵਿਚਾਰਕ ਪੈਦਾ ਹੋਏ ਉਸ ਸਮੇਂ ਉੱਥੇ ਨਗਰ ਰਾਜ ਹੁੰਦੇ ਸਨ।
- ਉਸ ਸਮੇਂ ‘ਰਾਜਨੀਤੀ’ ਨਗਰ ਰਾਜਾਂ ਦੇ ਸਮੁੱਚੇ ਜੀਵਨ ਦੇ ਅਧਿਐਨ ਦਾ ਵਿਗਿਆਨ ਮੰਨੀ ਜਾਂਦੀ ਸੀ। ਰਾਜਨੀਤੀ ਦੁਆਰਾ ਸ਼ਾਸਕ ਵਰਗ ਲਈ ਨੈਤਿਕ ਨਿਯਮਾਂ ਦਾ ਨਿਰਮਾਣ ਕੀਤਾ ਜਾਂਦਾ ਸੀ, ਤਾਂਕਿ ਨਾਗਰਿਕ ਚੰਗਿਆਈ ਭਰਿਆ ਅਤੇ ਨੈਤਿਕ ਜੀਵਨ ਬਤੀਤ ਕਰ ਸਕਣ।
- ਅੱਜ–ਕੱਲ੍ਹ ਇਸ ਵਿਸ਼ੇ ਨੂੰ ਰਾਜਨੀਤੀ ਸ਼ਾਸਤਰ (Political Science) ਕਿਹਾ ਜਾਂਦਾ ਹੈ। ‘ਸ਼ਾਸਤਰ’ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ ‘ਸਾਇੰਸ’ (Science) ਦਾ ਪੰਜਾਬੀ ਅਨੁਵਾਦ ਹੈ। ਸਾਇੰਸ ਜਾਂ ਵਿਗਿਆਨ ਉਸ ਗਿਆਨ ਨੂੰ ਆਖਿਆ ਜਾਂਦਾ ਹੈ, ਜਿਹੜਾ ਵਿਗਿਆਨਕ ਵਿਧੀਆਂ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ।

# ਰਾਜਨੀਤੀ ਸ਼ਾਸਤਰ ਸੰਬੰਧੀ ਦੋ ਦ੍ਰਿਸ਼ਟੀਕੋਣ
# Two views regarding Political Science

- ਰਾਜਨੀਤੀ ਸ਼ਾਸਤਰ ਦਾ ਵਿਸ਼ਾ ਬਹੁਤ ਜ਼ਿਆਦਾ ਪੁਰਾਣਾ ਹੋਣ ਕਾਰਨ ਅਤੇ ਇਸਦਾ ਸਾਰੇ ਮਨੁੱਖਾਂ ਨਾਲ਼ ਗਹਿਰਾ ਸੰਬੰਧ ਹੋਣ ਕਾਰਨ ਇਸਦੇ ਅਰਥਾਂ ਵਿੱਚ ਅਤੇ ਇਸਦੀ ਪਰਿਭਾਸ਼ਾ ਵਿੱਚ ਸਮੇਂ-ਸਮੇਂ ਤੇ ਕੁੱਝ ਬਦਲਾਅ ਵੀ ਆਏ ਹਨ। ਇਹਨਾਂ ਬਦਲਾਵਾਂ ਦੇ ਕਾਰਨ ਅਸੀਂ ਰਾਜਨੀਤੀ ਸ਼ਾਸਤਰ ਦੇ ਇਤਿਹਾਸ ਨੂੰ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ-

1. ਪ੍ਰੰਪਰਾਵਾਦੀ ਦ੍ਰਿਸ਼ਟੀਕੋਣ, ਅਤੇ
2. ਆਧੁਨਿਕ ਦ੍ਰਿਸ਼ਟੀਕੋਣ

# ਪ੍ਰੰਪਰਾਵਾਦੀ ਦ੍ਰਿਸ਼ਟੀਕੋਣ (1)
# Traditional View

## A) ਰਾਜਨੀਤੀ ਸ਼ਾਸਤਰ ਰਾਜ ਨਾਲ਼ ਸੰਬੰਧਿਤ ਹੈ
## (Political Science deals with the State)

ਕੁੱਝ ਵਿਦਵਾਨਾਂ ਦਾ ਮੱਤ ਹੈ ਕਿ ਰਾਜਨੀਤੀ ਸ਼ਾਸਤਰ ਦਾ ਸੰਬੰਧ ਸਿਰਫ਼ ਰਾਜ ਨਾਲ਼ ਹੀ ਹੈ। ਬਲੰਸ਼ਲੀ, ਲਾਰਡ ਐਕਟਨ, ਅਤੇ ਗਾਰਨਰ ਵਰਗੇ ਵਿਦਵਾਨ ਇਸ ਵਿਚਾਰ ਦੇ ਸਮੱਰਥਕ ਹਨ।

**"ਰਾਜਨੀਤੀ ਸ਼ਾਸਤਰ ਦਾ ਆਰੰਭ ਅਤੇ ਅੰਤ ਰਾਜ ਨਾਲ਼ ਹੁੰਦਾ ਹੈ"।**

**– ਡਾ. ਗਾਰਨਰ (Dr. Garner)**

# ਪ੍ਰੰਪਰਾਵਾਦੀ ਦ੍ਰਿਸ਼ਟੀਕੋਣ (2)
# Traditional View

## B) ਰਾਜਨੀਤੀ ਸ਼ਾਸਤਰ ਸਰਕਾਰ ਨਾਲ਼ ਸੰਬੰਧਿਤ ਹੈ
## (Political Science deals with the Government)

- ਰਾਜਨੀਤੀ ਸ਼ਾਸਤਰ ਦੇ ਅਰਥਾਂ ਸੰਬੰਧੀ ਦੂਸਰਾ ਵਿਚਾਰ ਇਹ ਹੈ ਕਿ ਇਸ ਵਿੱਚ ਸਰਕਾਰ ਦਾ ਅਧਿਐਨ ਕੀਤਾ ਜਾਂਦਾ ਹੈ, ਕਿਉਂਕਿ ਰਾਜ ਦੇ ਉਦੇਸ਼ਾਂ ਦੀ ਪੂਰਤੀ ਸਰਕਾਰ ਦੇ ਸਾਧਨ ਰਾਹੀਂ ਕੀਤੀ ਜਾਂਦੀ ਹੈ। ਸੀਲੇ ਅਤੇ ਲੀਕੱਕ ਵਰਗੇ ਵਿਦਵਾਨ ਇਸ ਧਾਰਨਾ ਦੇ ਸਮੱਰਥਕ ਹਨ।
- **"ਰਾਜਨੀਤੀ ਸ਼ਾਸਤਰ ਦਾ ਸੰਬੰਧ ਸਿਰਫ਼ ਸਰਕਾਰ ਨਾਲ਼ ਹੈ"।**

**– ਲੀਕੱਕ (Leacock)**

# ਪ੍ਰੰਪਰਾਵਾਦੀ ਦ੍ਰਿਸ਼ਟੀਕੋਣ (3)
# Traditional View

**C) ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦੋਵਾਂ ਨਾਲ਼ ਸੰਬੰਧਿਤ ਹੈ**

**(Political Science deals both with the State and the Government)**

ਰਾਜਨੀਤੀ ਸ਼ਾਸਤਰ ਸੰਬੰਧੀ ਤੀਸਰਾ ਵਿਚਾਰ ਪਿਛਲੇ ਦੋਵਾਂ ਵਿਚਾਰਾਂ ਦਾ ਜੋੜ ਹੈ। ਗੈਟਲ ਅਤੇ ਗਿਲਕ੍ਰਾਈਸਟ ਵਰਗੇ ਵਿਦਵਾਨਾਂ ਦਾ ਵਿਚਾਰ ਹੈ ਕਿ ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦੋਵਾਂ ਨਾਲ਼ ਹੀ ਸੰਬੰਧਿਤ ਹੈ।

- **"ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦੀਆਂ ਸਾਧਾਰਨ ਸਮੱਸਿਆਵਾਂ ਨਾਲ਼ ਸੰਬੰਧਿਤ ਹੈ"।**

\- **ਗਿਲਕ੍ਰਾਈਸਟ (Gilchrist)**

# ਆਧੁਨਿਕ ਦ੍ਰਿਸ਼ਟੀਕੋਣ (1)
# Modern View

- ਵੀਹਵੀਂ ਸਦੀ ਦੀ ਸ਼ੁਰੂਆਤ ਦੌਰਾਨ ਰਾਜਨੀਤੀ ਸ਼ਾਸਤਰ ਦੇ ਖੇਤਰ ਵਿੱਚ ਬਹੁਤ ਤਬਦੀਲੀਆਂ ਆਈਆਂ।
- ਕੁੱਝ ਰਾਜਨੀਤੀ ਸ਼ਾਸਤਰੀਆਂ ਨੇ ਮੱਤ ਪੇਸ਼ ਕੀਤਾ ਕਿ ਰਾਜਨੀਤੀ ਸ਼ਾਸਤਰ ਸਿਰਫ਼ ਰਾਜ ਅਤੇ ਸਰਕਾਰ ਦਾ ਹੀ ਅਧਿਐਨ ਨਹੀਂ ਹੈ। ਕਿਉਂਕਿ ਕੇਵਲ ਸਰਕਾਰ ਦੀਆਂ ਸੰਸਥਾਵਾਂ ਹੀ ਰਾਜਨੀਤੀ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਸਗੋਂ ਹੋਰ ਵੀ ਅਨੇਕਾਂ ਅਜਿਹੇ ਤੱਥ ਹਨ ਜਿਹਨਾ ਦਾ ਸਰੂਪ ਤਾਂ ਸਮਾਜਿਕ ਜਾਂ ਆਰਥਿਕ ਹੁੰਦਾ ਹੈ, ਪ੍ਰੰਤੂ ਉਹ ਰਾਜਨੀਤੀ ਨੂੰ ਪ੍ਰਭਾਵਿਤ ਕਰਦੇ ਹਨ।
- ਇਹਨਾ ਵਿਦਵਾਨਾਂ ਅਨੁਸਾਰ ਜਿੱਥੇ ਵੀ **'ਸ਼ਕਤੀ'** ਅਤੇ **'ਸ਼ਕਤੀ ਲਈ ਸੰਘਰਸ਼'** ਹੈ ਉੱਥੇ ਹੀ ਰਾਜਨੀਤੀ ਸ਼ਾਸਤਰ ਹੈ, ਭਾਵੇਂ ਉਸ ਸੰਸਥਾ ਦਾ ਸਰੂਪ ਰਾਜਨੀਤਿਕ, ਸਮਾਜਿਕ, ਧਾਰਮਿਕ ਜਾਂ ਪਰਿਵਾਰਿਕ ਆਦਿ ਕੁੱਝ ਵੀ ਹੋਵੇ।
- ਇਸ ਨਵੇਂ ਦ੍ਰਿਸ਼ਟੀਕੋਣ ਅਨੁਸਾਰ ਸਿਰਫ਼ ਰਾਜ, ਸਰਕਾਰ, ਅਤੇ ਇਸਦੀਆਂ ਸੰਸਥਾਵਾਂ ਹੀ ਨਹੀਂ ਸਗੋਂ ਕਈ ਨਵੇਂ ਤੱਥਾਂ ਦਾ ਵੀ ਅਧਿਐਨ ਕੀਤਾ ਜਾਣ ਲੱਗਿਆ ਹੈ ਜਿਵੇਂ ਕਿ–ਰਾਜਨੀਤਿਕ ਪ੍ਰਣਾਲ਼ੀ, ਸ਼ਕਤੀ, ਸੱਤਾ, ਪ੍ਰਭਾਵ, ਰਾਜਨੀਤਿਕ ਸੱਭਿਆਚਾਰ, ਰਾਜਨੀਤਿਕ ਸਮਾਜੀਕਰਨ, ਅਤੇ ਦਬਾਉ ਸਮੂਹ ਆਦਿ।

# ਆਧੁਨਿਕ ਦ੍ਰਿਸ਼ਟੀਕੋਣ (2)
# Modern View

- **ਬੈਂਟਲੇ (Bentley)** ਅਨੁਸਾਰ, **"ਰਾਜਨੀਤੀ ਸ਼ਾਸਤਰ ਸ਼ਾਸਨ ਦੀ ਕਾਰਜਵਿਧੀ ਅਤੇ ਦਬਾਉ ਸਮੂਹਾਂ ਦਾ ਅਧਿਐਨ ਹੈ"**

- **ਆਲਮੰਡ ਅਤੇ ਪਾਵੈੱਲ (Almond & Powell)** ਅਨੁਸਾਰ, **"ਰਾਜਨੀਤੀ ਸ਼ਾਸਤਰ ਸਮੁੱਚੀ ਰਾਜਨੀਤਿਕ ਪ੍ਰਣਾਲ਼ੀ ਦਾ ਅਧਿਐਨ ਕਰਦਾ ਹੈ"**।

# ਆਧੁਨਿਕ ਦ੍ਰਿਸ਼ਟੀਕੋਣ (3)
# Modern View

- ਅੱਜ ਦਾ ਯੁੱਗ ਲੋਕਤੰਤਰ ਦਾ ਯੁੱਗ ਹੈ, ਜਿਸ ਵਿੱਚ ਇੱਕ ਆਮ ਵਿਅਕਤੀ ਦੀਆਂ ਰਾਜਨੀਤਿਕ ਗਤੀਵਿਧੀਆਂ ਦਾ ਵੀ ਰਾਜਨੀਤਿਕ ਸੰਸਥਾਵਾਂ ਦੀ ਕਾਰਜਸ਼ੀਲਤਾ ਤੇ ਪ੍ਰਭਾਵ ਪੈਂਦਾ ਹੈ।
- ਇਸ ਲਈ ਮਨੁੱਖ ਦੇ ਰਾਜਨੀਤਿਕ ਵਿਵਹਾਰ, ਰਾਜਨੀਤਿਕ ਸੱਭਿਆਚਾਰ, ਰਾਜਨੀਤਿਕ ਕਦਰਾਂ-ਕੀਮਤਾਂ ਆਦਿ ਦੇ ਅਧਿਐਨ ਤੋਂ ਬਿਨਾਂ ਰਾਜਨੀਤੀ ਸ਼ਾਸਤਰ ਦਾ ਅਧਿਐਨ ਅਧੂਰਾ ਰਹਿਣਾ ਸੁਭਾਵਿਕ ਹੈ।
- ਅਸੀਂ ਵੇਖਦੇ ਹਾਂ ਕਿ ਆਧੁਨਿਕ ਰਾਜਨੀਤਿਕ ਵਿਗਿਆਨੀਆਂ ਨੇ ਮਨੁੱਖੀ ਵਿਵਹਾਰ ਦੀਆਂ ਉਹਨਾ ਸਾਰੀਆਂ ਵੰਨਗੀਆਂ ਨੂੰ ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਸ਼ਾਮਿਲ ਕਰ ਲਿਆ ਹੈ, ਜਿਹੜੀਆਂ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਕਿਸੇ ਵੀ ਤਰੀਕੇ ਨਾਲ਼ ਪ੍ਰਭਾਵਿਤ ਕਰਦੀਆਂ ਹਨ।

# ਸਿੱਟਾ
# Conclusion

❑ ਰਾਜਨੀਤੀ ਸ਼ਾਸਤਰ ਸਾਨੂੰ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ:

✓ ਕਿਸੇ ਸਮਾਜ ਦਾ ਰਾਜ ਪ੍ਰਬੰਧ ਕਿਸ ਤਰਾਂ ਚਲਾਇਆ ਜਾ ਰਿਹਾ ਹੈ ?

✓ ਕਿਸੇ ਰਾਜ ਪ੍ਰਬੰਧ ਨੂੰ ਕਿਹੜੇ ਤੱਥ ਪ੍ਰਭਾਵਿਤ ਕਰ ਰਹੇ ਹਨ ?

✓ ਕਿਸੇ ਰਾਜ ਪ੍ਰਬੰਧ ਨੂੰ ਕਿਹੜੀਆਂ ਸਮੱਸਿਆਵਾਂ ਆ ਰਹੀਆਂ ਹਨ ?

✓ ਕਿਸੇ ਰਾਜ ਪ੍ਰਬੰਧ ਦੇ ਸਫਲ ਜਾਂ ਅਸਫਲ ਹੋਣ ਦੇ ਕੀ ਕਾਰਨ ਹਨ ?

✓ ਕਿਸੇ ਰਾਜ ਪ੍ਰਬੰਧ ਦੀਆਂ ਕਮੀਆਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?

✓ ਕਿਸੇ ਰਾਜ ਵਿੱਚ ਮਨੁੱਖੀ ਅਧਿਕਾਰਾਂ ਦੀ ਕੀ ਸਥਿਤੀ ਹੈ ?

✓ ਕਿਸੇ ਸਮਾਜ ਵਿੱਚ ਲੋਕਤੰਤਰੀਕਰਨ ਕਿੰਨਾਂ ਕੁ ਹੈ ? ਆਦਿ;

ਇਸ ਤਰਾਂ ਰਾਜਨੀਤੀ ਸ਼ਾਸਤਰ ਇੱਕ ਜਾਗਰੂਕ ਅਤੇ ਜਿੰਮੇਵਾਰ ਨਾਗਰਿਕਤਾ ਦਾ ਨਿਰਮਾਣ ਕਰਦਾ ਹੈ।




**PROF. JOGINDER SINGH KHATRA**
**DEPT. OF POLITICAL SCIENCE**

AKAL DEGREE COLLEGE MASTUANA SAHIB